# ਗੁਰੂ ਅਰਜਨ ਬਾਣੀ ਦਾ ਸਭਿਆਚਾਰਕ ਪਰਿਪੇਖ

ਜਗਬੀਰ ਸਿੰਘ*

ਗੁਰੂ ਅਰਜਨ ਦੇਵ ਗੁਰਮਤਿ ਕਾਵਿਧਾਰਾ ਦੇ ਸਿਰਮੌਰ ਸ਼ਾਇਰ ਮੰਨੇ ਜਾ ਸਕਦੇ ਹਨ। ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਅਨੇਕ-ਪੱਖੀ ਹੈ। ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਰੂਪ ਤੇ ਆਕਾਰ ਦੇਣ ਵਿਚ ਇਨ੍ਹਾਂ ਦੀ ਸੰਪਾਦਕੀ ਯੋਗਤਾ ਅਤੇ ਸਿਰਜਣਾਤਮਕ ਪ੍ਰਤਿਭਾ ਹੀ ਕਾਰਜਸ਼ੀਲ ਸੀ ਜਿਸਨੇ ਮੱਧਕਾਲੀਨ ਭਾਰਤ ਵਿਚ ਨਵ-ਜਾਗ੍ਰਿਤੀ ਦੀ ਇਕ ਵਿਆਪਕ ਲਹਿਰ ਨੂੰ ਉਸਾਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ।

ਗੁਰੂ ਅਰਜਨ ਦੇਵ ਨੇ ਆਪਣੀ ਗੁਰਿਆਈ ਦੇ ਸਮੇਂ ਦੌਰਾਨ ਸਿੱਖ-ਸੰਸਥਾ ਨੂੰ ਪਕੇਰਾ ਕਰਨ ਲਈ ਕਈ ਮਹੱਤਵਪੂਰਣ ਕਦਮ ਪੁੱਟੇ। 1588 ਈਸਵੀ ਵਿਚ ਇਨ੍ਹਾਂ ਨੇ ਅੰਮ੍ਰਿਤਸਰ ਵਿਖੇ ਸੰਤੋਖਸਰ ਤਾਲ ਖੁਦਵਾਇਆ। ਅੰਮ੍ਰਿਤਸਰ ਵਿਚ ਹੀ ਦਰਬਾਰ ਸਾਹਿਬ ਦੇ ਸਰੋਵਰ ਨੂੰ ਸੰਪੂਰਣ ਕਰਵਾਇਆ ਅਤੇ 1589 ਨੂੰ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਉਨ੍ਹਾਂ ਨੇ ਇਸ ਪਾਵਨ ਸਥਾਨ ਦੀ ਨੀਂਹ ਰੱਖਣ ਦਾ ਸ਼ਰਫ਼ ਉਸ ਵੇਲੇ ਦੇ ਪ੍ਰਸਿੱਧ ਸੂਫ਼ੀ ਸੰਤ ਸਾਈਂ ਮੀਆਂ ਮੀਰ ਨੂੰ ਬਖ਼ਸ਼ਿਆ। ਹਰਿਮੰਦਰ ਦੇ ਚਾਰ ਦਰਵਾਜ਼ੇ ਰੱਖੇ ਗਏ ਜਿਸਦਾ ਭਾਵ ਇਹ ਸੀ ਕਿ ਇਹ ਪਾਵਨ ਸਥਾਨ ਸੱਭ ਲਈ ਖੁਲ੍ਹਾ ਹੈ। ਇਸ ਗੱਲ ਨੂੰ ਦੇਖ ਕੇ ਪ੍ਰਿਥੀ ਚੰਦ ਦੇ ਮਨ ਵਿਚ ਗੁਰੂ ਅਰਜਨ ਦੇਵ ਪ੍ਰਤਿ ਈਰਖਾ ਪਨਪਣ ਲੱਗੀ। ਉਸਨੇ ਉਸ ਇਲਾਕੇ ਦੇ ਮੁਸਲਮਾਨ ਹਾਕਮ ਸੁਲਹੀ ਖਾਨ ਨੂੰ ਗੁਰੂ ਜੀ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਗੁਰੂ ਘਰ ਦੇ ਇਨ੍ਹਾਂ ਦੋਹਾਂ ਵਿਰੋਧੀਆਂ ਨੇ ਦੁਸ਼ਮਨੀ ਅਤੇ ਭੜਕਾਹਟ ਵਾਲੀਆਂ ਅਨੇਕਾਂ ਕਾਰਵਾਈਆਂ ਕੀਤੀਆਂ ਪਰ ਗੁਰੂ ਅਰਜਨ ਦੇਵ ਨੇ ਆਪਣੇ ਸੁਭਾਉ ਅਨੁਸਾਰ ਹਰ ਗੱਲ ਨੂੰ ਨਜ਼ਰ-ਅੰਦਾਜ਼ ਕਰਦਿਆਂ ਸ਼ਾਂਤੀ ਦਾ ਹੀ ਉਪਦੇਸ਼ ਦਿੱਤਾ। ਉਨ੍ਹਾਂ ਦੀ ਸ਼ਖ਼ਸੀਅਤ ਦਾ ਇਹ ਪੱਖ ਉਨ੍ਹਾਂ ਦੀ ਬਾਣੀ ਵਿਚੋਂ ਵੀ ਭਲੀ ਭਾਂਤ ਪ੍ਰਗਟ ਹੁੰਦਾ ਹੈ :

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥2॥

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥3॥

(ਗੁਰੂ ਗ੍ਰੰਥ ਸਾਹਿਬ, ਪੰਨਾ - 671)

ਦੁਸ਼ਮਨੀ ਅਤੇ ਵੈਰ ਭਾਵ ਦਾ ਜਵਾਬ ਮਿੱਤਰਤਾ ਅਤੇ ਸੱਜਨਤਾ ਨਾਲ ਦੇਣਾ ਰੂਹਾਨੀ ਉੱਚਤਾ ਦੀ ਨਿਸ਼ਾਨੀ ਹੈ। ਗੁਰੂ ਅਰਜਨ ਦੇਵ ਦਾ ਕਾਵਿ-ਕਥਨ ਇਸੇ ਕਿਸਮ ਦੀ ਦਰਵੇਸ਼ੀ ਸ਼ਖ਼ਸੀਅਤ ਵਲ ਸੰਕੇਤ ਕਰਦਾ ਹੈ। ਅਨੇਕਾਂ ਥਾਵਾਂ ਦੀ ਯਾਤਰਾ ਕਰਦੇ ਹੋਏ ਉਹ ਲਾਹੌਰ ਸ਼ਹਿਰ ਵਿਚ ਆ ਟਿਕੇ। ਇਥੇ ਇਨ੍ਹਾਂ ਦੀ ਮੁਲਾਕਾਤ ਉਸ ਵੇਲੇ ਦੀਆਂ ਪ੍ਰਸਿੱਧ ਧਾਰਮਿਕ ਹਸਤੀਆਂ ਨਾਲ ਹੋਈ ਜਿਨ੍ਹਾਂ ਵਿਚ ਭਗਤ ਕਾਹਨਾ, ਭਗਤ ਛੱਜੂ, ਸ਼ਾਹ ਹੁਸੈਨ, ਸ਼ਾਹ ਇਨਾਇਤ ਕਾਦਰੀ ਤੇ ਜੋਗੀ ਸ਼ੰਭੂ ਨਾਥ ਦਾ ਨਾਮ ਵਰਣਨਯੋਗ ਹੈ।

ਗੁਰੂ ਅਰਜਨ ਦੇਵ ਨੇ ਸਿੱਖ-ਸੰਸਥਾ ਨੂੰ ਮਜ਼ਬੂਤ ਕਰਨ ਲਈ ਜਿਹੜਾ ਸੱਭ ਤੋਂ ਮਹੱਤਵਪੂਰਣ ਉਪਰਾਲਾ ਕੀਤਾ ਉਹ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਰੂਪ ਵਿਚ ਸਾਮ੍ਹਣੇ ਆਇਆ। ਇਹ ਗ੍ਰੰਥ ਸਿੱਖ ਧਰਮ ਵਿਚ ਪਾਵਨ ਗ੍ਰੰਥ ਦਾ ਦਰਜਾ ਰੱਖਦਾ ਹੈ ਪਰ ਇਹ ਇਕ ਅਜਿਹਾ ਅਦੁੱਤੀ ਪਾਵਨ ਗ੍ਰੰਥ ਹੈ ਜਿਸਦਾ ਮਹੱਤਵ ਸਿਰਫ਼ ਸਿੱਖਾਂ ਲਈ ਨਹੀਂ ਸਗੋਂ ਸਮੁੱਚੇ ਭਾਰਤ ਲਈ ਵੀ ਹੈ। ਕਾਰਣ ਇਹ ਹੈ ਕਿ ਇਸ ਵਿਚ 12ਵੀਂ ਸਦੀ ਈਸਵੀ ਤੋਂ ਲੈ ਕੇ 17ਵੀਂ ਸਦੀ ਈਸਵੀ ਤਕ ਦੇ ਪ੍ਰਮੁੱਖ ਧਰਮ-ਪ੍ਰਵਰਤਕਾਂ ਦੀ ਰਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿਚ ਧਰਮ, ਕੌਮ, ਜਾਤ-ਬਰਾਦਰੀ, ਫਿਰਕੇ, ਭਾਸ਼ਾ ਜਾਂ ਖਿੱਤੇ ਦੇ ਆਧਾਰ ਉੱਤੇ ਕੋਈ ਵਿਤਕਰਾ ਨਹੀਂ ਕੀਤਾ ਗਿਆ ਸਗੋਂ ਉਦਾਰ ਭਾਵਨਾ ਨਾਲ ਸੱਭ ਨੂੰ ਬਰਾਬਰ ਮੰਨਿਆਂ ਗਿਆ ਹੈ। ਇਸ ਤਰ੍ਹਾਂ ਇਹ ਗ੍ਰੰਥ ਸਮੁੱਚੀ ਮਾਨਵ ਜਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਵਾਲਾ ਗ੍ਰੰਥ ਹੋ ਨਿਬੜਦਾ ਹੈ।

ਖ਼ਾਸ ਤੌਰ ਤੇ ਜਦੋਂ ਅਸੀਂ ਇਸ ਗ੍ਰੰਥ ਨੂੰ ਮੱਧਕਾਲੀਨ ਭਾਰਤ ਦੇ ਸਾਮਾਜਿਕ, ਇਤਿਹਾਸਕ ਅਤੇ ਸਭਿਆਚਾਰਕ ਸੰਦਰਭ ਵਿਚ ਰੱਖ ਕੇ ਵਾਚਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹ ਇਕ ਅਜਿਹੀ ਕ੍ਰਾਂਤੀਕਾਰੀ ਟੈਕਸਟ ਹੈ ਜਿਸਨੇ ਆਪਣੇ ਵੇਲੇ ਦੇ ਮਨੁੱਖ ਦੇ ਮਨ ਵਿਚ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਜੂਝਣ ਲਈ ਨੈਤਿਕ ਨੋਬਲ ਪੈਦਾ ਕੀਤਾ। ਇਸ ਵਿਚ ਪੇਸ਼ ਹੋਈ ਵਿਚਾਰਧਾਰਾ ਜੇ ਇਕ ਪਾਸੇ ਮੁਗ਼ਲ ਸਾਮੰਤਵਾਦ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਤਸ਼ੱਦਦ ਦਾ ਵਿਰੋਧ ਕਰਦੀ ਹੈ ਤਾਂ ਦੂਸਰੇ ਪਾਸੇ ਭਾਰਤੀ / ਹਿੰਦੂ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਚੇਸ਼ਟਾ ਕਰਦੀ ਹੈ।

ਇਸ ਵਿਚਾਰਧਾਰਾ ਦੀ ਸੱਭ ਤੋਂ ਵੱਡੀ ਪ੍ਰਾਪਤੀ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਅਤੇ ਪਰਸਪਰ ਵਿਰੋਧ ਨੂੰ ਮਿਟਾ ਕੇ ਸਾਂਝ ਦੇ ਸੂਤਰ ਤਲਾਸ਼ ਕਰਨ ਵਿਚ ਨਿਹਤ ਹੈ। ਇਸ ਮੰਤਵ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਵਚਨ ਸੰਵਾਦ ਅਤੇ ਸੁਮੇਲ ਦਾ ਸੰਦੇਸ਼ ਸੰਚਾਰਿਤ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ਾਇਦ ਇਸੇ ਦ੍ਰਿਸ਼ਟੀ ਤੋਂ ਅਜੋਕੇ ਵਿਦਵਾਨਾਂ ਨੇ ਇਸ ਪਾਵਨ ਗ੍ਰੰਥ ਨੂੰ ਉੱਤਰ-ਆਧੁਨਿਕ ਚੇਤਨਾ ਦਾ ਸੰਚਾਰ ਕਰਨ ਵਾਲਾ ਮੱਧਕਾਲੀ ਪਾਠ ਆਖਿਆ ਹੈ।

ਸਮੁੱਚੀ ਬਾਣੀ ਆਪਣੇ ਵੇਲੇ ਦੇ ਮਨੁੱਖ ਨੂੰ ਕ੍ਰਾਂਤੀ ਤੇ ਮੁਕਤੀ ਦਾ ਜੋ ਸੰਦੇਸ਼ ਦਿੰਦੀ ਹੈ ਉਹ ਅੱਜ ਵੀ ਸਾਰਥਕ ਤੇ ਪ੍ਰਾਸੰਗਿਕ ਹੈ ਕਿਉਂ ਜੋ ਇਸ ਵਿਚ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਗ੍ਰੰਥ ਦੇ ਸਮੂਹ ਬਾਣੀਕਾਰ ਜਾਤ, ਜਨਮ ਅਤੇ ਕੁਲ, ਧਰਮ, ਨਸਲ ਅਤੇ ਲਿੰਗ ਦੇ ਆਧਾਰ ਤੇ ਵੰਡੀਆਂ ਪਾਉਣ ਵਾਲੇ ਮਾਨਵ-ਵਿਰੋਧੀ ਵਿਚਾਰਾਂ ਅਤੇ ਵਿਸ਼ਵਾਸ਼ਾਂ ਨੂੰ ਰੱਦ ਕਰਦੇ ਹਨ।

ਬਾਣੀਕਾਰਾਂ ਦੀ ਵਿਚਾਰਧਾਰਾ ਦੇ ਪਿਛੋਕੜ ਵਿਚਲਾ ਮੂਲ ਵਿਵੇਕ ਬ੍ਰਹਿਮੰਡੀ ਚੇਤਨਾ ਦਾ ਉਹ ਪਾਰਗਾਮੀ ਦ੍ਰਿਸ਼ਟੀ-ਬਿੰਦੂ ਹੈ ਜਿੱਥੇ ਖਲੋ ਕੇ ਭਿੰਨਤਾਵਾਂ ਅਤੇ ਵਿਤਕਰੇ ਮਹਤਵਹੀਣ ਹੋ ਜਾਂਦੇ ਹਨ। ਸਮੁੱਚੀ ਗੁਰਬਾਣੀ ਦੇ ਇਸ ਦ੍ਰਿਸ਼ਟੀ-ਬਿੰਦੂ ਦੀ ਪ੍ਰਤਿਨਿਧਤਾ ਕਰਨ ਵਾਲਾ ਵਿਚਾਰ / ਵਿਸ਼ਵਾਸ਼ ਭਗਤ ਕਬੀਰ ਦਾ ਨਿਮਨ-ਅੰਕਿਤ ਕਥਨ ਹੈ ਜਿਸ ਵਿਚ ਮਨੁੱਖ ਦੀ ਬੁਨਿਆਦੀ ਏਕਤਾ ਦਾ ਅਹਿਸਾਸ ਉਭਰਦਾ ਹੈ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥1
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥3॥

(ਗੁਰੂ ਗ੍ਰੰਥ ਸਾਹਿਬ, ਪੰਨਾ - 1349)

ਇਸੇ ਦੌਰਾਨ ਪ੍ਰਿਥੀਏ ਨੂੰ ਮੁਗ਼ਲ ਬਾਦਸ਼ਾਹ ਅਕਬਰ ਪਾਸ ਗੁਰੂ ਜੀ ਦੀ ਸ਼ਿਕਾਇਤ ਕੀਤੀ ਕਿ ਗੁਰੂ ਜੀ ਵਲੋਂ ਤਿਆਰ ਕਰਵਾਏ ਗਏ ਇਸ ਗ੍ਰੰਥ ਵਿਚ ਇਸਲਾਮ ਵਿਰੋਧੀ ਟਿਪਣੀਆਂ ਕੀਤੀਆਂ ਗਈਆਂ ਹਨ। ਮੁਗ਼ਲ ਬਾਦਸ਼ਾਹ ਅਕਬਰ ਨੇ ਗੁਰੂ ਜੀ ਨੂੰ ਬੀੜ ਸਮੇਤ ਦਰਬਾਰ ਵਿਚ ਪੇਸ਼ ਹੋਣ ਲਈ ਆਖਿਆ। ਗੁਰੂ ਜੀ ਨੇ ਭਾਈ ਗੁਰਦਾਸ ਤੇ ਬਾਬਾ

ਬੁੱਢਾ ਜੀ ਨੂੰ ਬੀੜ ਦੇ ਕੇ ਬਾਦਸ਼ਾਹ ਪਾਸ ਭੇਜਿਆ। ਅਕਬਰ ਨੇ ਕਈ ਥਾਵਾਂ ਤੋਂ ਇਸ ਗ੍ਰੰਥ ਦੀ ਬਾਣੀ ਨੂੰ ਸੁਣਿਆਂ ਤੇ ਜਦੋਂ ਉਸਨੂੰ ਇਸ ਵਿਚ ਕੋਈ ਵੀ ਅਯੋਗ ਗੱਲ ਨਜ਼ਰ ਨਾ ਆਈ ਤਾਂ ਉਸਨੇ ਦੋਹਾਂ ਸਿੱਖਾਂ ਨੂੰ ਸਿਰੋਪਾ ਦੇ ਕੇ ਵਿਦਾ ਕੀਤਾ।

1505 ਈਸਵੀ ਨੂੰ ਅਕਬਰ ਦਾ ਦੇਹਾਂਤ ਹੋ ਗਿਆ। ਉਹ ਆਪਣੇ ਪੁੱਤਰ ਜਹਾਂਗੀਰ ਦੀ ਥਾਵੇਂ ਆਪਣੇ ਪੋਤਰੇ ਖ਼ੁਸਰੋ ਨੂੰ ਤਖ਼ਤ ਦਾ ਵਾਰਿਸ ਬਣਾ ਗਿਆ ਸੀ। ਜਦੋਂ ਜਹਾਂਗੀਰ ਨੇ ਤਖ਼ਤ ਉੱਤੇ ਕਬਜ਼ਾ ਕਰ ਲਿਆ ਤਾਂ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ ਅਤੇ ਜਹਾਂਗੀਰ ਆਪਣੇ ਹੀ ਪੁੱਤਰ ਖ਼ੁਸਰੋ ਦਾ ਜਾਨੀ ਦੁਸ਼ਮਨ ਬਣ ਗਿਆ। ਖ਼ੁਸਰੋ ਪੰਜਾਬ ਵਲ ਵਧਿਆ ਅਤੇ ਇਥੇ ਆ ਕੇ ਉਹ ਗੁਰੂ ਅਰਜਨ ਦੇਵ ਨੂੰ ਵੀ ਮਿਲਿਆ। ਅਸਲ ਵਿਚ ਖ਼ੁਸਰੋ ਬਚਪਨ ਵਿਚ ਆਪਣੇ ਦਾਦਾ ਅਕਬਰ ਨਾਲ ਪਹਿਲਾਂ ਵੀ ਇਥੇ ਆ ਚੁੱਕਿਆ ਸੀ। ਗੁਰੂ ਜੀ ਨੇ ਉਸਨੂੰ ਬਣਦਾ ਆਦਰ ਮਾਣ ਦਿੱਤਾ। ਇਸ ਗੱਲ ਤੋਂ ਬਾਦਸ਼ਾਹ ਜਹਾਂਗੀਰ ਕਰੋਧ ਵਿਚ ਆ ਗਿਆ ਅਤੇ ਗੁਰੂ ਜੀ ਤੋਂ ਬਦਲਾ ਲੈਣ ਦੀ ਸੋਚਣ ਲੱਗਾ। ਉਸਨੂੰ ਦੱਸਿਆ ਗਿਆ ਸੀ ਕਿ ਗੁਰੂ ਜੀ ਨੇ ਖ਼ੁਸਰੋ ਦੇ ਮੱਥੇ ਉੱਤੇ ਤਿਲਕ ਲਾਇਆ ਸੀ ਅਤੇ ਉਸਦੀ ਕਾਮਯਾਬੀ ਲਈ ਦੁਆ ਕੀਤੀ ਸੀ। ਬਾਦਸ਼ਾਹ ਦੀ ਨਜ਼ਰ ਵਿਚ ਇਹ ਬਾਗ਼ੀਆਨਾ ਹਰਕਤ ਸੀ।

ਬਾਦਸ਼ਾਹ ਜਹਾਂਗੀਰ ਆਪਣੇ ਬਾਗ਼ੀ ਸ਼ਹਿਜ਼ਾਦੇ ਖ਼ੁਸਰੋ ਦਾ ਪਿੱਛਾ ਕਰਦਾ ਹੋਇਆ ਪੰਜਾਬ ਆਇਆ ਤੇ ਉਸਨੇ ਖ਼ੁਸਰੋ ਦੇ ਸਾਰੇ ਹਮਾਇਤੀਆਂ ਨੂੰ ਮੌਤ ਦੀ ਸਜ਼ਾ ਦੇ ਕੇ ਆਪਣਾ ਗੁੱਸਾ ਠੰਡਾ ਕੀਤਾ। ਗੁਰੂ ਜੀ ਨੂੰ ਤਸੀਹੇ ਦੇ ਕੇ ਮਾਰ ਦੇਣ ਦਾ ਹੁਕਮ ਦੇ ਦਿੱਤਾ। ਇਹ ਹੁਕਮ ਬਾਦਸ਼ਾਹ ਨੇ ਆਪ ਦਿੱਤਾ ਸੀ। ਇਸ ਗੱਲ ਦਾ ਹਵਾਲਾ ਬਾਦਸ਼ਾਹ ਜਹਾਂਗੀਰ ਦੀ ਸਵੈ-ਜੀਵਨੀ **ਤੁਜ਼ਕਿ ਜਹਾਂਗੀਰੀ** ਵਿਚ ਮਿਲਦਾ ਹੈ ਜਿਸਦਾ ਪੰਜਾਬੀ ਅਨੇਵਾਦ ਨਿਮਨ-ਅੰਕਿਤ ਹੈ:

"ਗੋਇੰਦਵਾਲ ਵਿਚ ਜੋ ਕਿ ਬਿਆਹ (ਬਿਆਸ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਇਕ ਹਿੰਦੂ ਸੀ। ਉਸਨੇ ਬਹੁਤ ਸਾਰੇ ਭੋਲੇ ਭਾਲੇ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ ਦਾ ਸਿਦਕੀ ਬਣਾ ਕੇ ਆਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਉਸ ਪਾਸ ਆਕੇ ਉਸ ਉੱਤੇ ਪੂਰਾ ਏਤਕਾਦ ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ। ਇਥੋਂ ਤਕ ਕਿ ਇਨ੍ਹਾਂ ਦਿਨਾਂ ਵਿਚ ਹੀ ਖ਼ੁਸਰੋ ਇਥੋਂ

ਹੀ ਦਰਿਆ ਪਾਰ ਹੋਇਆ। ਇਸ ਜਾਹਿਲ ਤੇਹਕੀਰ ਆਦਮੀ ਨੇ ਇਰਾਦਾ ਕੀਤਾ ਕਿ ਸਦਾ ਉਸਦੇ ਨਜ਼ਦੀਕ ਰਹੇ। ਉਸ ਥਾਂ ਤੇ ਜਿਥੇ ਉਸਦੀ ਰਹਿਣ ਦੀ ਥਾਂ ਸੀ, ਖ਼ੁਸਰੋ ਨੇ ਪੜਾਉ ਕੀਤਾ। ਇਹ ਉਸਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗੱਲਾਂ ਉਸਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ (ਨਾਲ ਲਕੀਰ) ਉਸਦੇ ਮੱਥੇ ਉੱਤੇ ਖਿੱਚੀ, ਜਿਸਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਸਮਝਦੇ ਹਨ।

ਜਦ ਇਹ ਗੱਲ ਮੇਰੀ ਕੰਨੀ ਪਈ, ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਕੀਤਾ ਕਿ ਉਸ (ਗੁਰੂ ਸਾਹਿਬ) ਨੂੰ ਹਾਜ਼ਰ ਕਰਨ ਤੇ ਉਸਦੇ ਘਰ ਘਾਟ ਤੇ ਬਚਿਆਂ ਨੂੰ ਮੁਰਤਜ਼ਾਖਾਨ ਨੂੰ ਸੌਂਪ ਦਿੱਤਾ ਅਤੇ ਉਸਦਾ ਮਾਲ ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸਨੂੰ ਡਰਾਉਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰ ਦੇਣ।"[76] ਇਸ ਤਰ੍ਹਾਂ ਸ਼ਾਹੀ ਹੁਕਮ ਦੀ ਪਾਲਨਾਂ ਕਰਦਿਆਂ ਗੁਰੂ ਜੀ ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿਚ ਕੈਦ ਕਰ ਦਿੱਤਾ ਗਿਆ ਅਤੇ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਜਿਨ੍ਹਾਂ ਵਿਚ ਤੱਤੀ ਤਵੀ ਉੱਤੇ ਬਿਠਾਉਣਾ, ਉਬਲਦੀ ਦੇਗ ਵਿਚ ਬਿਠਾਉਣਾ, ਸਿਰ ਉੱਤੇ ਤੱਤੀ ਰੇਤ ਪਾਉਣਾ ਆਦਿ। ਅੰਤ ਵਿਚ ਉਨ੍ਹਾਂ ਨੂੰ ਰਾਵੀ ਨਦੀ ਵਿਚ ਡੋਬਣ ਲਈ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੇ ਪ੍ਰਾਣ ਤਿਆਗ ਦਿੱਤੇ। ਇਸ ਤਰ੍ਹਾਂ ਚਮਤਕਾਰੀ ਪ੍ਰਤਿਭਾ ਵਾਲੇ ਪ੍ਰਮੁੱਖ ਧਰਮ-ਪ੍ਰਵਰਤਕ ਨੂੰ ਸ਼ਹੀਦ ਕਰ ਦਿੱਤਾ ਗਿਆ।

"ਸਤਾਰਵੀਂ-ਅਠਾਰਵੀਂ ਸਦੀ ਦਾ ਮੁਗ਼ਲ ਸਾਮਰਾਜ ਨਾਲ ਸਿੱਖ ਮੱਤ ਤੇ ਸਿੱਖ ਪੰਥ ਦਾ ਸੰਘਰਸ਼ ਕੋਈ ਐਵੇਂ ਓਪਰੀ ਅਤੇ ਇਫ਼ਾਕੀਆ ਘਟਨਾ ਨਹੀਂ ਸੀ, ਸਗੋਂ ਬੁਨਿਆਦੀ ਆਤਮਿਕ ਅਤੇ ਸਮਾਜਿਕ ਸਿੱਧਾਂਤਾਂ ਦਾ ਘੋਰ ਸੰਘਰਸ਼ ਅਤੇ ਇਤਿਹਾਸਕ ਭੇੜ ਸੀ। ਅਤੇ ਸ਼ੈਖ਼ ਮੁਜੱਦਦ ਅਲਫ਼ਥਾਨੀ (ਅਲਿਫ਼ੇ ਸਾਨੀ) ਸਿਰਹੰਦੀ, ਇਸਲਾਮੀ ਰਾਜ ਦੇ ਦੇ ਝੰਡੇ ਅਤੇ ਅਸੀਮ ਸ਼ਕਤੀ ਹੇਠਾਂ, ਇਸ ਸੰਘਰਸ਼ ਦਾ ਜਰਨੈਲ ਸੀ, ਜਿਸ ਨੇ ਅਤੇ ਜਿਸਦੇ ਉੱਤ੍ਰਾਧਿਕਾਰੀ ਗੱਦੀਦਾਰਾਂ ਨੇ ਸਾਹਿਬ ਪੰਚਮ ਪਾਤਸ਼ਾਹ ਨੂੰ ਅਤਿ ਦੇ ਤਸੀਹੇ ਦੇ ਕੇ ਕਤਲ ਕਰਵਾਇਆ, ਗੁਰੂ ਹਰਿਗੋਬਿੰਦ ਸਾਹਿਬ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਅਤੇ ਬੰਦੀਖਾਨੇ ਪਵਾਇਆ, ਗੁਰੂ ਹਰਿਕ੍ਰਿਸ਼ਨ ਨੂੰ ਸਮਾਪਤ ਕਰਵਾਉਣ ਦਾ ਯਤਨ ਕੀਤਾ, ਗੁਰੂ ਤੇਗ਼ ਬਹਾਦਰ ਦਾ ਸੀਸ ਕਲਮ ਕਰਾਇਆ, ਸ਼ੀਰਖ਼ੋਰ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਇਆ, ਦਸਮ ਪਾਤਸ਼ਾਹ ਉੱਤੇ ਘਾਤਕ ਹਮਲਾ ਕਰਵਾਇਆ, ਬੰਦਾ ਸਿੰਘ . . .

ਇਹ ਧਾਰਣਨਾਵਾਂ ਸਿੱਖ ਵਿਰਸੇ ਦੀ ਪ੍ਰਚੱਲਤ ਰਵਾਇਤ ਨਾਲੋਂ ਭਿੰਨ ਤੇ ਵਿਲੱਖਣ ਹਨ। ਇਸਦਾ ਮੂਲ ਕਾਰਣ ਇਹ ਹੈ ਕਿ 1960 ਤੋਂ ਪਹਿਲਾਂ ਸਿੱਖ ਵਿਦਵਾਨਾਂ ਦੀ ਇਨ੍ਹਾਂ ਲਿਖਤਾਂ ਤਕ ਰਸਾਈ ਹੀ ਨਹੀਂ ਸੀ। ਕਪੂਰ ਸਿੰਘ ਆਈ

ਸੀ ਐੱਸ ਨੇ ਆਪਣੀ ਪੁਸਤਕ ਵਿਚ ਸ਼ੈਖ਼ ਅਹਿਮਦ ਸਰਹੰਦੀ (ਮੁਜੱਦਿਦ) ਅਤੇ ਉਸਦੇ ਸਿਆਸੀ ਸਹਿਯੋਗੀਆਂ ਬਾਰੇ ਹੋਰ ਵੀ ਕਈ ਮਹੱਤਵਪੂਰਣ ਟਿਪਣੀਆਂ ਅਤੇ ਹਵਾਲੇ ਦਿੱਤੇ ਹਨ ਜੋ ਇਨ੍ਹਾਂ ਇਤਿਹਾਸਕ ਕਿਰਦਾਰਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਇਤਿਹਾਸਕ ਰੋਲ ਨੂੰ ਸਪਸ਼ਟ ਕਰਦੇ ਹਨ। ਇਨ੍ਹਾਂ ਵਿਚੋਂ ਉਲੇਖਯੋਗ ਹਵਾਲੇ/ਟਿਪਣੀਆਂ ਨਿਮਨ-ਅੰਕਿਤ ਹਨ :

"ਜੇ ਅਸੀਂ ਪੀਰੀ ਕਰਨੀ ਹੁੰਦੀ ਤਾਂ ਸੰਸਾਰ ਵਿਚ ਹੋਰ ਕਿਸੇ ਪੀਰ ਨੂੰ ਅਸਾਡੇ ਬਗ਼ੈਰ ਮੁਰੀਦ ਲੱਭਣਾ ਕਠਿਨ ਹੋ ਜਾਣਾ ਸੀ। ਪਰ ਅਸਾਡੇ ਜ਼ਿੰਮੇ ਹੋਰ ਕੰਮ ਲੱਗਾ ਹੋਇਆ ਹੈ ਕਿ ਮੁਸਲਮਾਨਾਂ ਦੀ ਦੁਸ਼ਟਾਂ ਤੋਂ ਰੱਖਿਆ ਕਰੀਏ। ਇਹ ਕਾਰਜ ਬਾਦਸ਼ਾਹਾਂ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਰਾਜ-ਸੱਤਾ ਪ੍ਰਾਪਤ ਲੋਕਾਂ ਨਾਲ ਮੇਲ ਜੋਲ, ਉਨ੍ਹਾਂ ਨੂੰ ਪ੍ਰਭਾਵ ਹੇਠ ਲਿਆਉਣਾ, ਫੇਰ ਉਨ੍ਹਾਂ ਨੂੰ ਮੁਸਲਮਾਨਾਂ ਦੀ ਬਾਲਾਦਸਤੀ ਲਈ ਵਰਤਣਾ, ਇਹੋ ਸਾਡਾ ਮੁੱਖ ਕਰਤੱਵਯ ਹੈ. . .

"ਸ਼ੈਖ ਸਰਹੰਦੀ ਦੀ ਅਤਮਾ ਨੂੰ ਦਿੱਬਯ ਗਿਆਨ ਹੋਇਆ ਕਿ ਇਸਲਾਮ ਦੀ ਦੂਜੀ ਸਹਸ੍ਰਾਬਦੀ ਦੇ ਆਰੰਭ ਵਿਚ ਦੀਨ ਦੀ ਦਸ਼ਾ ਗਿਲਾਨੀ-ਪੂਰਤ ਹੋ ਚੁੱਕੀ ਹੈ, ਅਤੇ ਇਸ ਲਈ ਇਸਲਾਮੀ ਦੀਨ ਦੀ ਪੁਨਰ-ਸਥਾਪਨਾ ਲਈ 'ਮੁਜੱਦਦ' ਅਥਵਾ ਧਰਮ-ਰੱਖਿਅਕ ਦੀ ਲੋੜ ਹੈ। ਸ਼ੈਖ ਸਰਹੰਦੀ ਨੂੰ ਤਦ ਆਕਾਸ਼ਵਾਣੀ ਹੋਈ ਕਿ ਅੱਲਾ ਨੇ ਉਸਨੂੰ ਇਸਲਾਮ ਦੀ ਦੂਜੀ ਸਹਸ੍ਰਾਬਦੀ (ਅਲਿਫ਼ਥਾਨੀ) ਦਾ ਧਰਮ-ਰੱਖਿਅਕ (ਮੁਜੱਦਦ) ਥਾਪਿਆ ਹੈ।

"ਅਕਬਰ ਦੇ ਰਾਜ ਦੇ ਅੰਤਲੇ ਦਿਨਾਂ ਵਿਚ ਮਜੱਦਦ ਨੇ ਦੀਨ ਦੀ ਤਜਦੀਦ ਅਥਵਾ ਪੁਨਰ-ਸਥਾਪਨਾ ਦਾ ਪ੍ਰਚਾਰ ਭਾਸ਼ਨਾਂ ਤੇ ਚਿੱਠੀਆਂ ਰਾਹੀਂ ਆਰੰਭਿਆ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਚਿੱਠੀਆਂ ਦੀਆਂ ਨਕਲਾਂ ਅਜੇ ਵੀ ਮਿਲਦੀਆਂ ਹਨ। ਇਨ੍ਹਾਂ ਚਿੱਠੀਆਂ (ਮਕਤੂਬਾਤ) ਵਿਚ, ਮੁਗ਼ਲ ਅਹਿਲਕਾਰਾਂ ਵਲ ਲਿਖੀਆਂ ਸਭ ਤੋਂ ਵਧੇਰੇ ਚਿੱਠੀਆਂ ਸ਼ੇਖ ਫਰੀਦ ਬੁਖਾਰੀ, ਜਿਸਨੂੰ ਕਿ ਜਹਾਂਗੀਰ ਨੇ ਪਾਤਸ਼ਾਹ ਬਣਦੇ ਸਾਰ ਹੀ, ਮੁਰਤਜ਼ਾ ਖਾਨ ਦੀ ਪਰਮ-ਉੱਚ ਉਪਾਧੀ ਅਤੇ ਛੇਹਜ਼ਾਰੀ ਦਾ ਜੰਗੀ ਰੁਤਬਾ ਬਖ਼ਸ਼ਿਆ, ਦੇ ਨਾਮ ਹਨ। ਇਹ ਮੁਰਤਜ਼ਾ ਖਾਨ ਮੁਜੱਦਦ ਦਾ ਬੜਾ ਸ਼ਰਧਾਵਾਨ ਤੇ ਕੱਟੜ ਚੇਲਾ ਸੀ ਅਤੇ ਇਸੇ ਨੇ ਯੁਵਰਾਜ ਖਿਸਰਾਓ ਦੀ ਬਗ਼ਾਵਤ ਦਾ ਲੱਕ ਤੋੜਿਆ ਸੀ, ਜਿਸ ਖਿਸਰਾਓ ਦੀ ਕਿ ਗੁਰੂ-ਘਰ ਅਤੇ ਗੁਰੂ ਅਰਜਨ ਉੱਤੇ ਮਹਾਨ ਸ਼ਰਧਾ ਸੀ ਅਤੇ ਜੋ ਗੁਰੂਆਂ ਦੇ ਬਹੁ-ਕੇਂਦ੍ਰਿਤ ਸਮਾਜ ਦੀ ਸਥਾਪਨਾ ਦਾ ਹਾਮੀ ਸੀ। ਜਹਾਂਗੀਰ ਨੇ ਗੁਰੂ ਅਰਜਨ ਦੇ ਸਰੀਰ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤਾ ਸੀ ਤਾਂ ਕਿ ਉਹ ਗੁਰੂ ਨੂੰ ਅੱਤ ਦੇ ਤਸੀਹੇ (ਯਾਸਾ) ਦੇ ਕੇ ਮਾਰ ਦੇਵੇ।"

ਉਪਰੋਕਤ ਹਵਾਲੇ/ਟਿਪਣੀਆਂ **ਮਕਤੂਬਾਤਿ ਅਮਾਮਿ ਰੱਬਾਨੀ** ਉੱਤੇ ਆਧਾਰਿਤ ਹਨ ਜੋ ਉਸਦੇ ਸਮੁੱਚੇ ਕਿਰਦਾਰ ਨੂੰ ਮੂਰਤੀਮਾਨ ਕਰਦੀਆਂ ਹਨ। ਗੁਰੂ ਅਰਜਨ ਦੇਵ ਦੀ ਸ਼ਹਾਦਤ ਬਾਰੇ ਮੁਜਦਿਦ ਦੀ ਨਿਮਨ-ਅੰਕਿਤ ਸਿੱਧੀ ਟਿਪਣੀ ਹੋਰ ਵੀ ਵਧੇਰੇ ਮਹੱਤਵਪੂਰਣ ਹੈ।

"ਇਨ੍ਹਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਸ਼ਟੇ ਹੋਏ ਕਾਫ਼ਰ ਨੂੰ ਕਤਲ ਕਰ ਦਿੱਤਾ ਗਿਆ ਹੈ, ਇਹ ਬੜੀ ਸ਼ੁੱਭ ਘਟਨਾ ਹੋਈ ਹੈ ਅਤੇ ਇਸ ਨਾਲ ਹਿੰਦੂਆਂ ਨੂੰ ਇਕ ਵੱਡੀ ਸ਼ਿਕਸਤ ਹੋਈ ਹੈ। ਉਸ ਨੂੰ ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਵੀ ਮਾਰ ਮੁਕਾਉਣ ਨਾਲ ਕਾਫ਼ਰਾਂ ਦੀ ਵੱਡੀ ਹਾਨੀ ਹੋਈ ਹੈ ਅਤੇ ਮੁਸਲਮਾਨਾਂ ਲਈ ਇਹ ਸ਼ੁੱਭ ਅਤੇ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਬੇਇਮਾਨ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਦਿੱਬ ਸੁਪਨਾ ਆਇਆ ਸੀ ਕਿ ਪਾਤਸ਼ਾਹ (ਜਹਾਂਗੀਰ) ਨੇ ਭ੍ਰਸ਼ਟ ਅਧਰਮ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿਚ ਸੰਸਾ ਨਹੀਂ ਕਿ ਉਹ (ਗੁਰੂ ਅਰਜਨ) ਕਾਫ਼ਰ ਹਿੰਦੂਆਂ ਦਾ ਜਗਦ-ਗੁਰੂ ਸੀ ਅਤੇ ਅਧਾਰਮਿਕ ਰੁਚੀਆਂ ਰੱਖਣ ਵਾਲਿਆ ਦਾ ਸ਼ਹਿਨਸ਼ਾਹ ਸੀ।" (ਪੰਨਾ 2-3)

ਗੁਰਮਤਿ ਕਾਵਿਧਾਰਾ ਨੂੰ ਪ੍ਰਫੁੱਲਤ ਕਰਨ ਵਿਚ ਵੀ ਉਨ੍ਹਾਂ ਦਾ ਯੋਗਦਾਨ ਕਈ ਘਟ ਅਹਿਮੀਅਤ ਨਹੀਂ ਰੱਖਦਾ। ਗੁਰੂ ਗ੍ਰੰਥ ਸਾਹਿਬ ਦੇ ਬਾਣੀ ਸੰਗ੍ਰਹਿ ਵਿਚ ਗੁਰੂ ਅਰਜਨ ਦੇਵ ਦੀ ਆਪਣੀ ਬਾਣੀਵੀ ਬਹੁਤ ਵੱਡੇ ਆਕਾਰ ਦੀ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ 30 ਰਾਗਾਂ ਵਿਚ ਹੈ ਜੋ ਮੁੱਖ ਤੌਰ ਤੇ ਪਦਿਆਂ, ਅਸਟਪਦੀਆਂ, ਸ਼ਲੋਕਾਂ ਅਤੇ ਛੰਤਾਂ ਦੇ ਰੂਪ ਵਿਚ ਹੈ। ਉਨ੍ਹਾਂ ਦੀਆਂ ਮੁਕਾਬਲਤਨ ਲੰਮੇਰੇ ਆਕਾਰ ਵਾਲੀਆਂ ਪ੍ਰਮੁੱਖ ਰਚਨਾਵਾਂ ਹਨ – ਬਾਰਹ ਮਾਹ, ਦਿਨਰੈਣਿ, ਬਾਵਨ ਅੱਖਰੀ, ਸੁਖਮਨੀ, ਥਿਤੀ, ਅਤੇ ਛੇ ਵਾਰਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗ ਵਿਚ)। ਇਨ੍ਹਾਂ ਤੋਂ ਇਲਾਵਾ ਕੁਝ ਰਚਨਾ ਇਨ੍ਹਾਂ ਸਿਰਲੇਖਾਂ ਅਧੀਨ ਵੀ ਮਿਲਦੀ ਹੈ – ਬਿਰਹੜੇ, ਗੁਣਵੰਤੀ, ਗਾਥਾ, ਫੁਨਹੇ, ਅੰਜੁਲੀਆ, ਸੋਲਹੇ ਆਦਿ।

ਗੁਰੂ ਗ੍ਰੰਥ ਬਾਣੀ ਦੇ ਸਿਰਜਿਤ ਪਾਠ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਮਕਾਲੀ ਅਤੇ ਪੂਰਬ ਕਾਲੀ ਵਿਰਸੇ ਦੀਆਂ ਅਨੇਕਾਂ ਚਿੰਤਨਧਾਰਾਵਾਂ ਅੰਤਰ-ਪਾਠ ਵਜੋਂ ਮੌਜੂਦ ਹਨ। ਇਨ੍ਹਾਂ ਵਿਚ ਭਾਰਤ ਦੇ ਕਲਾਸੀਕਲ ਵਿਰਸੇ ਦੀਆਂ ਵੈਦਿਕ ਅਤੇ ਅਵੈਦਿਕ ਪਰੰਪਰਾਵਾਂ ਦੇ ਨਾਲ ਨਾਲ ਇਸਲਾਮੀ ਵਿਰਸੇ ਨਾਲ ਸੰਬੰਧਿਤ ਸੂਫ਼ੀ ਪਰੰਪਰਾ ਵੀ ਸ਼ਾਮਿਲ ਹੈ।

ਦਿਲਚਸਪ ਗੱਲ ਇਹ ਹੈ ਕਿ ਮੱਧਕਾਲੀਨ ਭਾਰਤ ਵਿਚ ਇਹ ਦੋਵੇਂ ਕਲਾਸੀਕਲ ਪਰੰਪਰਾਵਾਂ (ਹਿੰਦੂ ਆਰੀਆ ਅਤੇ ਬੋਧ ਪਰੰਪਰਾ) ਇਕ ਦੂਸਰੇ ਨਾਲ ਸੰਵਾਦ ਰਚਾ ਕੇ ਪਰਸਪਰ ਸਾਂਝ ਅਤੇ ਸੁਮੇਲ ਦੇ ਸੂਤਰ ਤਲਾਸ਼ ਕਰਦੀਆਂ ਹਨ ਜਿਸ ਦੇ ਸਿੱਟ ਵਜੋਂ ਬ੍ਰਹਮ / ਸ਼ੂਨਯ ਅਤੇ ਮੋਖ / ਨਿਰਵਾਣ ਦੇ ਸੰਕਲਪੀ ਜੁੱਟ ਸਿਰਜਣਾਤਮਕ ਸਮਨਵੈ ਦੀ ਸੁਭਾਵਕ ਪ੍ਰਕਿਰਿਆ ਥਾਣੀਂ ਲੰਘਦੇ ਹੋਏ ਰੂਪਾਂਤਰਿਤ ਹੋ ਉੱਠਦੇ ਹਨ। ਇਸ ਤਰ੍ਹਾਂ ਇਹ ਦਾਰਸ਼ਨਿਕ ਚਿੰਤਨ ਦੇ ਵਿਰੋਧਭਾਵੀ ਸੰਗਠਨ ਨਹੀਂ ਰਹਿੰਦੇ ਸਗੋਂ ਚੇਤਨਾ ਦੇ ਉਚੇਰੇ ਧਰਾਤਲ ਉੱਤੇ ਇਨ੍ਹਾਂ ਦੀਆਂ ਤੰਦਾਂ ਇਕ ਦੂਸਰੇ ਨਾਲ ਜਾ ਜੁੜਦੀਆਂ ਹਨ। ਗੁਰਬਾਣੀ ਦਾ ਸਿਰਜਿਤ ਪ੍ਰਵਚਨ ਇਸ ਤੱਥ ਦੀ ਉਘੜਵੀਂ ਮਿਸਾਲ ਪੇਸ਼ ਕਰਦਾ ਹੈ। ਇਓਂ ਭਾਰਤੀ ਚਿੰਤਨ ਦਾ ਇਤਿਹਾਸ ਇਨ੍ਹਾਂ ਦੋਹਾਂ ਪਰੰਪਰਾਵਾਂ ਵਿਚਕਾਰ ਡੂੰਘੀ ਅੰਤਰ-ਕਿਰਿਆ ਅਤੇ ਸੰਵਾਦ ਦੀ ਸਾਖੀ ਭਰਦਾ ਹੈ।

ਕਲਾਸੀਕਲ ਵੈਦਿਕ / ਹਿੰਦੂ ਪਰੰਪਰਾ ਅਨੁਸਾਰ ਮਨੁੱਖੀ ਜੀਵਨ ਦੇ ਚਾਰ ਪਰਮ-ਆਦਰਸ਼ ਜਾਂ ਪਦਾਰਥ ਹਨ - ਧਰਮ, ਅਰਥ, ਕਾਮ ਅਤੇ ਮੋਖ। ਇਨ੍ਹਾਂ ਵਿਚੋਂ ਮੋਖ (मोक्ष) ਨੂੰ ਸਰਬ-ਉੱਚ ਮੰਨਿਆਂ ਗਿਆ ਹੈ। ਇਥੇ ਧਰਮ ਮਨੁੱਖੀ ਆਚਰਣ ਅਤੇ ਵਿਹਾਰ ਨੂੰ ਨਿਯੰਤਰਿਤ ਕਰਨ ਵਾਲੇ ਨੈਤਿਕ ਵਿਧਾਨ ਦਾ ਲਖਾਇਕ ਹੈ ਜਦੋਂ ਕਿ ਅਰਥ ਅਤੇ ਕਾਮ ਮਨੁੱਖੀ ਜੀਵਨ ਦੀਆਂ ਭੌਤਿਕ ਅਤੇ ਪ੍ਰਵਿਰਤੀ-ਮੂਲਕ ਲੋੜਾਂ ਦੀ ਪੂਰਤੀ ਦੇ ਆਧਾਰ ਹਨ। ਇਹ ਪਹਿਲੇ ਤਿੰਨ ਪਦਾਰਥ ਮਨੁਖੀ ਹੋਂਦ ਦੇ ਲੌਕਿਕ ਸਰੋਕਾਰ ਮੰਨੇ ਜਾ ਸਕਦੇ ਹਨ। ਇਨ੍ਹਾਂ ਦੇ ਮੁਕਾਬਲੇ ਉੱਤੇ ਮੋਖ ਦਾ ਖੇਤਰ ਪਰਮਾਰਥ ਦੀ ਚੇਤਨਾ ਦਾ ਖੇਤਰ ਹੈ ਜੋ ਇਨ੍ਹਾਂ ਲੌਕਿਕ ਸਰੋਕਾਰਾਂ ਨੂੰ ਅਲੌਕਿਕ ਜਾਂ ਪਾਰਗਾਮੀ ਸੰਦਰਭ ਪ੍ਰਦਾਨ ਕਰਦਾ ਹੈ।

ਅਜੋਕੇ ਚਿੰਤਕ ਮਿਸ਼ੇਲ ਫੂਕੋ ਨੇ ਆਪਣੇ ਇਕ ਆਲੋਚਨਾਤਮਕ ਨਿਬੰਧ **ਦ' ਡਿਸਕੋਰਸ ਆਨ ਲੈਂਗੁਏਜ** - The Discourse on Language - ਵਿਚ ਪ੍ਰਵਚਨ ਨੂੰ ਵਿਭੰਨ ਸੰਦਰਭਾਂ ਵਿਚ ਕੀਤੀ ਗਈ ਭਾਸ਼ਾਈ ਵਰਤੋਂ ਆਖਿਆ ਹੈ। ਉਸ ਦੇ ਸ਼ਬਦਾਂ ਵਿਚ -

"Discourse is language in use within multiple contexts-textual, social, cultural, and historical. It has to do with the way relationships get mediated by language and other signs-how authors appeal to their audiences, texts apprehend the world they purport to describe, and the human self comes to terms with its many others. The interdisciplinary field of discourse studies pursues questions about the role of language in such issues as how individuals form social identities (including identities based on gender, class, race, ethnicity, occupation, and geographic region), how stereotypes get perpetuated,

how writing influences thought, how rhetorical traditions accommodate change, how literary cultures account for nature, how stories advance arguments, and how poems embody diverse voices."[3]

ਪ੍ਰਵਚਨ ਅਨੇਕਾਂ ਸੰਦਰਭਾਂ - ਪਾਠਮੂਲਕ, ਸਾਮਾਜਿਕ, ਸਭਿਆਚਾਰਕ ਅਤੇ ਇਤਿਹਾਸਕ - ਵਿਚ ਕੀਤਾ ਗਿਆ ਭਾਸ਼ਾਈ ਪ੍ਰਯੋਗ ਹੈ। ਇਸਦਾ ਸਰੋਕਾਰ ਭਾਸ਼ਾਈ ਅਤੇ ਹੋਰਨਾਂ ਚਿਹਨ-ਪ੍ਰਬੰਧਾਂ ਰਾਹੀਂ ਉਸਾਰੇ ਗਏ ਉਨ੍ਹਾਂ ਰਿਸ਼ਤਿਆਂ ਨਾਲ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਲੇਖਕ ਆਪਣੇ ਸਰੋਤਿਆਂ ਨੂੰ ਸੰਬੋਧਿਤ ਹੁੰਦੇ ਹਨ ਅਤੇ ਲਿਖਤਾਂ ਆਪਣੇ ਸਿਰਜੇ ਹੋਏ ਸੰਸਾਰ ਨੂੰ ਰੂਪਮਾਨ ਕਰਦੀਆਂ ਹਨ ਅਤੇ ਮਨੁੱਖੀ ਆਪਾ ਬਹੁਤ ਸਾਰੇ ਹੋਰਨਾਂ - others - ਨਾਲ ਨਜਿਠਦਾ ਹੈ। ਇਸ ਦ੍ਰਿਸ਼ਟੀ ਤੋਂ **ਪ੍ਰਵਚਨ** ਭਾਸ਼ਾਈ ਜਾਂ ਪਾਰ-ਭਾਸ਼ਾਈ ਚਿਹਨ-ਪ੍ਰਬੰਧਾਂ ਦੇ ਮਾਧਿਅਮ ਰਾਹੀਂ ਸਿਰਜੀ ਗਈ ਅਜਿਹੀ ਅਰਥ-ਪੂਰਣ ਇਕਾਈ ਹੈ ਜੋ ਵਕਤੇ ਅਤੇ ਸਰੋਤੇ ਵਿਚਕਾਰ ਸੰਦੇਸ਼-ਸੰਚਾਰ ਦਾ ਸਿਲਸਿਲਾ ਕਾਇਮ ਕਰਦੀ ਹੈ। ਕੌਣ, ਕਿਸਨੂੰ ਕੀ ਕਹਿ ਰਿਹਾ ਹੈ ਅਤੇ ਕਿਉਂ ਕਹਿ ਰਿਹਾ ਹੈ? ਕਿਸੇ ਵੀ ਸਿਰਜਿਤ ਪ੍ਰਵਚਨ ਦਾ ਅਧਿਐਨ-ਵਿਸ਼ਲੇਸ਼ਣ ਇਨ੍ਹਾਂ ਪ੍ਰਸ਼ਨਾਂ ਨੂੰ ਮੁਖ ਰਖ ਕੇ ਹੀ ਕੀਤਾ ਜਾ ਸਕਦਾ ਹੈ। ਪ੍ਰਸਿੱਧ ਰੂਸੀ ਵਿਦਵਾਨ ਮਿਖ਼ਾਈਲ ਬਾਖ਼ਤਿਨ - M. Bakhtin – ਦੇ ਮਤ ਅਨੁਸਾਰ ਹਰ ਭਾਸ਼ਾਈ ਉਚਾਰ ਜੀਵਨ-ਅਨੁਭਵ ਅਤੇ ਬੋਧ ਦੇ ਧਰਾਤਲ ਵਿਚੋਂ ਉੱਭਰਦਾ ਹੈ ਅਤੇ ਸਮਕਾਲੀ ਸਥਿਤੀ ਜਾਂ ਪੂਰਬਕਾਲੀ ਵਿਚਾਰਧਾਰਾ ਨਾਲ ਸੰਵਾਦ ਰਚਾਉਂਦਾ ਹੈ।[4] ਪ੍ਰਵਚਨ ਦੀ ਇਹ ਸੰਵਾਦੀ ਸਥਿਤੀ ਉਸਨੂੰ ਸਮਾਜ-ਸੱਭਿਆਚਾਰ ਦੇ ਕੇਤਰ ਵਿਚ ਵਾਪਰ ਹਰੇ ਸੱਤਾ ਸੰਘਰਸ ਨਾਲ ਵੀ ਸੰਬੰਧਿਤ ਕਰ ਦਿੰਦੀ ਹੈ। ਇਉਂ ਅੰਤਿਮ ਅਰਥਾਂ ਵਿਚ ਪ੍ਰਵਚਨ ਵਿਚਾਧਾਰਾਈ ਸਿਰਜਣਾ ਹੋ ਨਿਬੜਦਾ ਹੈ। ਇਹ ਸਥਾਪਿਤ ਵਿਵਸਥਾ ਜਾਂ ਹਾਕਮ ਸ਼੍ਰੇਣੀ ਦੇ ਪੱਖ ਵਿਚ ਵੀ ਭੁਗਤ ਸਕਦਾ ਹੈ ਅਤੇ ਉਸਨੂੰ ਵੰਗਾਰਨ ਜਾਂ ਵਿਸਥਾਪਿਤ ਕਰਨ ਵਾਲੀ ਵਿਦਰੋਹੀ ਚੇਤਨਾ ਦੇ ਰੂਪ ਵਿਚ ਵੀ। ਅਜਿਹੀ ਦੂਸਰੀ ਸਥਿਤੀ ਵਿਚ ਪ੍ਰਵਚਨ ਕ੍ਰਾਂਤੀਕਾਰੀ ਹੋ ਨਿਬੜਦਾ ਹੈ।

ਪ੍ਰਵਚਨ ਹਮੇਸ਼ਾ ਸਮਾਜ ਸੱਭਿਆਚਾਰ ਅਤੇ ਇਤਿਹਾਸ ਵਿਚ ਸਥਿਤ ਹੁੰਦਾ ਹੈ ਅਤੇ ਇਨ੍ਹਾਂ ਸੰਦਰਭਾਂ ਵਿਚ ਹੀ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ। ਪ੍ਰਸਿੱਧ ਰੂਸੀ ਚਿੰਤਕ ਬਾਖ਼ਤਿਨ ਦੇ ਸ਼ਬਦਾਂ ਵਿਚ ਇਸਦਾ ਸੁਭਾ ਸੰਵਾਦੀ (dialogical) ਹੈ। ਇਸ ਤਰ੍ਹਾਂ ਹਰ ਪਾਠ ਹੋਰਨਾਂ ਪਾਠਾਂ ਜਾਂ ਆਪਣੇ ਸਮਕਾਲੀਨ ਯਥਾਰਥ ਨਾਲ ਰਚਾਇਆ ਗਿਆ ਸੰਵਾਦ ਹੁੰਦਾ ਹੈ। ਇਸੇ ਲਈ ਇਸਨੂੰ ਕੇਵਲ ਇਸਦੀ ਅੰਦਰਲੀ ਸੰਰਚਨਾ (?) ਦੇ ਹਵਾਲੇ ਨਾਲ ਨਹੀਂ ਵਾਚਿਆ ਜਾ ਸਕਦਾ।

ਹਰ ਸਾਹਿਤਕ ਜਾਂ ਸਭਿਆਚਾਰਕ ਪਾਠ ਆਪਣੇ ਵੇਲੇ ਦੇ ਮਾਨਵੀ ਯਥਾਰਥ ਨਾਲ ਡੂੰਘੀ ਤਰ੍ਹਾਂ ਜੁੜਿਆ ਹੁੰਦਾ

ਹੈ। ਇਸਦੀ ਸਿਰਜਣਾ ਵਿਚ ਚੇਤ-ਅਚੇਤੀ ਆਪਣੇ ਸਮਕਾਲੀ ਅਤੇ ਪੂਰਬਕਾਲੀ ਵਿਰਸੇ ਦੀਆਂ ਰਚਨਾ-ਰੂੜ੍ਹੀਆਂ ਅਤੇ ਪਰੰਪਰਾਵਾਂ ਕਾਰਜਸ਼ੀਲ ਹੁੰਦੀਆਂ ਹਨ। ਕਾਰਣ ਇਹ ਹੈ ਕਿ ਮਾਨਵ-ਸਿਰਜਿਤ ਕੋਈ ਵੀ ਪ੍ਰਵਚਨ ਖ਼ਲਾ ਵਿਚੋਂ ਪੈਦਾ ਨਹੀਂ ਹੁੰਦਾ ਸਗੋਂ ਵਰਤਮਾਨ ਅਤੇ ਅਤੀਤ ਵਿਚਕਾਰ ਸੰਵਾਦ ਦੀ ਉਪਜ ਹੁੰਦਾ ਹੈ। ਇਹ ਗੱਲ ਕ੍ਰਾਂਤੀਕਾਰੀ ਪਾਠਾਂ ਅਤੇ ਪ੍ਰਵਚਨਾਂ ਦੇ ਸੰਦਰਭ ਵਿਚ ਤਾਂ ਹੋਰ ਵੀ ਵਧੇਰੇ ਸਾਰਥਕ ਹੈ। ਇਸ ਧਾਰਣਾ ਨੂੰ ਸਾਮ੍ਹਣੇ ਰੱਖ ਕੇ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਅਧਿਐਨ ਕਦੇ ਹਾਂ ਤਾਂ ਇਸ ਗੱਲ ਦਾ ਡੂੰਘਾ ਅਹਿਸਾਸ ਹੁੰਦਾ ਹੈ ਕਿ ਇਨ੍ਹਾਂ ਬਾਣੀਕਾਰਾਂ ਨੇ ਵੀ ਆਪਣੇ ਸਾਹਿਤਕ ਅਤੇ ਸਭਿਆਚਾਰਕ ਵਿਰਸੇ ਨਾਲ ਸੰਵਾਦ ਰਚਾ ਕੇ ਹੀ ਆਪਣੀ ਵਿਲੱਖਣਤਾ ਸਥਾਪਿਤ ਕੀਤੀ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸਕ ਪਰਿਪੇਖ ਅਤੇ ਸਮਾਜ-ਸਭਿਆਚਾਰਕ ਸੰਦਰਭ ਦੀ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਵੀ ਕੀਤਾ ਹੈ। ਇਥੇ ਸਾਡਾ ਜਤਨ ਇਸ ਰਚਨਾ ਦਾ ਇਕ ਅਜਿਹਾ ਵਿਵੇਕਪੂਰਣ ਅਤੇ ਅੰਤਰ-ਸੰਬੰਧਿਤ ਬਿਰਤਾਂਤ ਉਸਾਰਨਾ ਜੋ ਇਸਨੂੰ ਮੱਧਕਾਲ ਦੇ ਸਰਬ-ਭਾਰਤੀ ਪਰਿਪੇਖ ਨਾਲ ਜੋੜ ਕੇ ਵਾਚਣ ਦੇ ਸਮਰੱਥ ਹੋ ਸਕੇ।

ਇਸ ਪਾਵਨ ਗ੍ਰੰਥ ਦੀ ਸੰਕਲਪਨਾ ਦੇ ਪਿਛੋਕੜ ਵਿਚ ਅਧਿਆਤਮਕ ਅਤੇ ਨੈਤਿਕ ਅਗਵਾਈ ਵਾਲਾ ਇਕ ਵੱਡ-ਆਕਾਰੀ ਪਾਠ-ਸੰਗ੍ਰਹਿ ਤਿਆਰ ਕਰਨ ਦੀ ਲੋਚਾ ਕਾਰਜਸ਼ੀਲ ਦਿਖਾਈ ਦਿੰਦੀ ਹੈ। ਪਰ ਇਸ ਮੰਤਵ ਦੀ ਪੂਰਤੀ ਲਈ ਗੁਰੂ ਅਰਜਨ ਦੇਵ ਨੇ ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਅਤੇ ਆਪਣੇ ਸਮੇਤ ਹੋਰਨਾਂ ਗੁਰੂ-ਵਿਅਕਤੀਆਂ ਦੀ ਬਾਣੀ ਨੂੰ ਹੀ ਮੁਖ ਨਹੀਂ ਰੱਖਿਆ ਸਗੋਂ ਉਨ੍ਹਾਂ ਸਮਕਾਲੀ ਅਤੇ ਪੂਰਬਕਾਲੀ ਧਰਮ-ਪ੍ਰਵਰਤਕਾਂ ਦੀ ਬਾਣੀ ਨੂੰ ਵੀ ਇਸ ਵਿਚ ਸ਼ਾਮਿਲ ਕਰ ਲਿਆ ਜਿਨ੍ਹਾਂ ਦੀ ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਗੁਰਮਤਿ ਨਾਲ ਮੇਲ ਖਾਂਦੀ ਸੀ।

ਇਸ ਗ੍ਰੰਥ ਦੇ ਸੰਕਲਨ ਅਤੇ ਸੰਪਾਦਨ ਦੇ ਪਿਛੋਕੜ ਵਿਚ ਨਿਸ਼ਚਿਤ ਵਿਉਂਤ ਅਤੇ ਤਰਤੀਬ ਹੀ ਮੂਰਤੀਮਾਨ ਨਹੀਂ ਹੁੰਦੀ ਸਗੋਂ ਡੂੰਘੀ ਸਿੱਧਾਂਤਕ ਚੇਤਨਾ ਅਤੇ ਵਿਚਾਰਧਾਰਾਈ ਪ੍ਰਤਿਬੱਧਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।[1] ਗੁਰੂ ਅਰਜਨ ਦੇਵ ਨੇ ਮਨੁੱਖੀ ਭਾਈਚਾਰੇ ਦੀ ਰੂਹਾਨੀ ਤੇ ਨੈਤਿਕ ਅਗਵਾਈ ਲਈ ਲਿਖਤੀ ਪਾਠ ਦੇ ਮਹੱਤਵ ਨੂੰ ਪਛਾਣਦਿਆਂ ਇਸ ਗ੍ਰੰਥ ਦੀ ਸੰਕਲਪਨਾ ਕੀਤੀ। ਸਿੱਖ ਧਰਮ ਦੇ ਪ੍ਰਵਰਤਕ, ਗੁਰੂ ਨਾਨਕ ਦੇਵ, ਨੇ ਦੈਵੀ ਪ੍ਰੇਰਨਾ ਦੇ ਛਿਣਾਂ ਵਿਚ ਰਚੀ ਆਪਣੀ ਬਾਣੀ ਦਾ ਸੰਗ੍ਰਹਿ ਤਿਆਰ ਕਰਕੇ ਇਸ ਤਰ੍ਹਾਂ ਦੇ ਭਵਿੱਖਾਰਥੀ ਉਪਰਾਲੇ ਦੀ ਨੀਂਹ ਰੱਖ ਦਿੱਤੀ ਸੀ ਜਿਸਨੂੰ ਹੋਰ ਮਜ਼ਬੂਤ ਕਰਨ ਵਿਚ ਹੋਰਨਾਂ ਗੁਰੂ-ਵਿਅਕਤੀਆਂ ਨੇ ਵੀ ਆਪਣੀ ਬਾਣੀ ਸਿਰਜਣਾ ਰਾਹੀਂ ਮਹੱਤਵਪੂਰਣ ਯੋਗਦਾਨ ਪਾਇਆ। ਗੁਰੂ ਅਰਜਨ ਦੇਵ ਨੇ ਨਾ ਸਿਰਫ਼ ਆਪਣੀ ਬਾਣੀ ਇੱਕਤਰ ਕੀਤੀ ਸਗੋਂ ਆਪਣੇ ਪੂਰਬ-ਵਰਤੀ ਗੁਰੂ-ਵਿਅਕਤੀਆਂ ਦੀ ਥਾਂ ਪਰ ਥਾਂ ਖਿਲਰੀ ਹੋਈ ਬਾਣੀ ਨੂੰ ਬੜੇ ਤਰੱਦਦ ਨਾਲ ਇਕ ਥਾਂ ਇਕੱਤਰ ਕੀਤਾ। ਉਨ੍ਹਾਂ ਨੇ

ਬੜੀ ਨੀਝ ਨਾਲ ਇਸ ਬਾਣੀ ਦੀ ਪ੍ਰਾਮਾਣਿਕਤਾ ਦਾ ਨਿਰਣਾ ਵੀ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤ ਦੇ ਕੋਨੇ ਕੋਨੇ ਤੋਂ ਉਨ੍ਹਾਂ ਪ੍ਰਮੁੱਖ ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਵੀ ਇਸ ਪਾਵਨ ਗ੍ਰੰਥ ਵਿਚ ਸ਼ਾਮਿਲ ਕਰਨ ਲਈ ਇਕੱਤਰ ਕੀਤਾ ਜਿਸ ਵਿਚ ਗੁਰਮਤਿ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਦੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਸੀ। ਇਸ ਤਰ੍ਹਾਂ ਉਹ ਇਕ ਸਰਬ-ਸਾਂਝੇ ਪਾਵਨ ਗ੍ਰੰਥ ਦੀ ਰਚਨਾ ਕਰਨਾ ਲੋਚਦੇ ਸਨ। ਭਾਰਤ ਦੇ ਤੱਤਕਾਲੀਨ ਇਤਿਹਾਸਕ ਸੰਦਰਭ ਵਿਚ ਇਹ ਗੱਲ ਬਹੁਤ ਮਹੱਤਵਪੂਰਣ ਹੈ।

ਕੋਈ ਪੜੈ ਬੇਦ ਕੋਈ ਕਤੇਬ ॥

ਕੋਈ ਓਢੈ ਨੀਲ ਕੋਈ ਸੁਪੇਦ ॥3॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥

ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥

ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥

(ਗੁਰੂ ਗ੍ਰੰਥ ਸਾਹਿਬ, ਪੰਨਾ - 885)

ਇਨ੍ਹਾਂ ਕਾਵਿ ਪੰਗਤੀਆਂ ਵਿਚ ਵਰਤੀ ਗਈ ਸੰਕਲਪੀ ਸ਼ਬਦਾਵਲੀ ਇਕੋ ਵੇਲੇ ਦੋਹਾਂ ਪਰੰਪਰਾਵਾਂ ਨਾਲ ਸੰਬੰਧਿਤ ਹੈ। ਜੇ ਰਾਮ, ਗੁਸਈਆ, ਤੀਰਥ, ਬੇਦ ਅਤੇ ਸੁਰਗਿੰਦੂ ਸ਼ਬਦ ਹਿੰਦੂ-ਆਰੀਆਈ ਧਰਮ-ਸਭਿਆਚਾਰ ਦੇ ਵਿਰਸੇ ਵਲ ਸੰਕੇਤ ਕਰਦੇ ਹਨ ਤਾਂ ਖੁਦਾਇ, ਅਲਾਹਿ, ਹਜ, ਕਤੇਬ ਅਤੇ ਭਿਸਤ ਸਾਮੀ-ਇਸਲਾਮੀ ਧਰਮ, ਦਰਸ਼ਨ ਅਤੇ ਪਰਾਭੌਤਿਕ ਦੇ ਲਖਾਇਕ ਹਨ। ਇਸ ਤਰ੍ਹਾਂ ਦੀ ਸਾਂਝੀ ਮਿੱਸੀ ਸੰਕਲਪੀ ਸ਼ਬਦਾਵਲੀ ਭਿੰਨ-ਭਿੰਨ ਪਰੰਪਰਾਵਾਂ ਵਿਚਕਾਰ ਸੰਵਾਦ ਦੇ ਮਾਹੌਲ ਵਿਚ ਹੀ ਵਰਤੀ ਜਾ ਸਕਦੀ ਹੈ। ਅਸਲ ਵਿਚ ਮੱਧਕਾਲੀਨ ਭਾਰਤ ਦੇ ਸੂਫ਼ੀਆਂ ਅਤੇ ਭਗਤਾਂ ਨੇ ਆਪਣੀ ਉਦਾਰ ਮਾਨਵਵਾਦੀ ਭਾਵਨਾ ਰਾਹੀਂ ਅਜਿਹਾ ਮਾਹੌਲ ਤਿਆਰ ਕਰ ਦਿੱਤਾ ਸੀ ਜਿਸ ਵਿਚ ਧਾਰਮਿਕ ਕੱਟੜਤਾ ਦਾ ਕੋਈ ਸਥਾਨ ਨਹੀਂ ਸੀ। ਗੁਰਬਾਣੀ ਇਸੇ ਕਿਸਮ ਦੀ ਉਦਾਰ ਮਾਨਵਵਾਦੀ ਭਾਵਨਾ ਦੀ ਸਰਬੋਤਮ ਮਿਸਾਲ ਪੇਸ਼ ਕਰਦਾ ਹੈ।

ਇਸ ਰਹੱਸਵਾਦੀ ਅਨੁਭਵ ਦਾ ਨੈਤਿਕ ਪੱਖ ਇਹ ਹੈ ਕਿ ਇਹ ਸੱਚ, ਸੰਜਮ, ਸ਼ੀਲਤਾ, ਸੰਤੋਖ, ਅਤੇ ਦਇਆ

ਵਰਗੀਆਂ ਕਦਰਾਂ-ਕੀਮਤਾਂ ਨੂੰ ਉਤਸਾਹਿਤ ਕਰਕੇ ਸਾਮਾਜਿਕ ਰਿਸ਼ਤਿਆਂ ਵਿਚ ਇਕਸੁਰਤਾ ਸਥਾਪਿਤ ਕਰਨਾ ਲੋੜਦਾ ਹੈ। ਇਹ ਨਿਰੋਲ ਆਤਮ-ਕੇਂਦ੍ਰਿਤ ਜਾਂ ਹਉਮੈਧਾਰੀ ਜੀਵਨ ਵਿਧੀ ਦਾ ਤਿਆਗ ਕਰਕੇ ਪਰਸਪਰ ਸੁਹਿਰਦਤਾ ਦੇ ਮਾਰਗ ਦੀ ਸੋਝੀ ਕਰਾਉਂਦਾ ਹੈ।

ਗੁਰਬਾਣੀ ਦੀ ਵਿਸ਼ਵ-ਦ੍ਰਿਸ਼ਟੀ ਦਾ ਉਪਰੋਕਤ ਪਾਸਾਰ ਕਿਸੇ ਨਾ ਕਿਸੇ ਰੂਪ ਵਿਚ ਇਸਦੇ ਵਿਸ਼ੈਗਤ ਸਰੋਕਾਰਾਂ ਦਾ ਆਧਾਰ ਬਣਦਾ ਹੈ ਅਤੇ ਇਸਦੇ ਸਿਰਜਿਤ ਪ੍ਰਵਚਨ ਨੂੰ ਵਿਅਕਤੀਗਤ ਅਤੇ ਸਾਮਾਜਿਕ ਪਰਿਪੇਖ ਨਾਲ ਜੋੜਦਾ ਹੈ। ਸੱਚ ਵਿਚ ਅਭੇਦ ਹੋਈ ਚੇਤਨਾ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲ ਜਾਂਦੀ ਹੈ, ਜਿਸ ਕਾਰਣ ਵਿਅਕਤੀ ਦੇ ਆਪੇ ਅਤੇ ਸਮਾਜ ਨਾਲ ਰਿਸ਼ਤਿਆਂ ਦੀ ਬੁਨਿਆਦ ਬਦਲ ਜਾਂਦੀ ਹੈ। ਨਿਜੀ ਹਿਤਾਂ ਦੀ ਥਾਵੇਂ ਉਹ ਸਰਬ-ਹਿਤ ਦੀ ਗੱਲ ਸੋਚਦਾ ਹੈ। ਇਸ ਤਰ੍ਹਾਂ ਰਹੱਸਵਾਦ ਅਤੇ ਨੈਕਿਤਾ ਦਾ ਵਿਚਿਤਰ ਸੰਜੋਗ ਗੁਰਬਾਣੀ ਨੂੰ ਵਿਸ਼ਵ-ਦ੍ਰਿਸ਼ਟੀ ਦੇ ਹਵਾਲੇ ਨਾਲ ਹੋਰਨਾਂ ਰਹੱਸਵਾਦੀ ਮਾਰਗਾਂ ਨਾਲੋਂ ਵੱਖ ਕਰ ਦਿੰਦਾ ਹੈ।

ਵਿਸ਼ਵ ਦੇ ਸਮੂਹ ਧਾਰਮਿਕ ਅਤੇ ਦਾਰਸ਼ਨਿਕ ਚਿੰਤਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੀ ਸਮੱਸਿਆ-ਗ੍ਰਸਤ ਹਸਤੀ ਅਤੇ ਹੋਂਦ ਵਲ ਸੰਕੇਤ ਕੀਤਾ ਹੈ। ਨਿਰੰਕੁਸ਼ ਜਾਂ ਨਿਰਪੇਖ ਸੁਤੰਤਰਤਾ ਮਨੁੱਖੀ ਹੋਂਦ ਦੇ ਹਿੱਸੇ ਨਹੀਂ ਆਉਂਦੀ ਸਗੋਂ ਬੰਧਨ ਅਤੇ ਸੁਤੰਤਰਤਾ ਦੇ ਸਦੀਵੀ ਦਵੰਦ ਵਿਚ ਵਿਚਰਨਾ ਹੀ ਉਸ ਦੀ ਹੋਣੀ ਹੈ। ਅਜਿਹੀ ਸਥਿਤੀ ਵਿਚ ਜ਼ਾਹਰ ਹੈ ਕਿ ਮਾਨਵ-ਮੁਕਤੀ ਦਾ ਵਾਸਤਵਿਕ ਖੇਤਰ ਜੀਵਾਤਮਕ ਅਤੇ ਭੌਤਿਕ ਲੋੜਾਂ ਤੋਂ ਮੁਕਤੀ ਦਾ ਖੇਤਰ ਨਹੀਂ ਅਤੇ ਨਾ ਹੀ ਸਮਾਜ-ਸੱਭਿਆਚਾਰ ਦੀ ਅਨਿਵਾਰਤਾ ਤੋਂ ਮੁਕਤੀ ਦਾ ਖੇਤਰ ਹੈ। ਮਨੁੱਖ ਆਪਣੀ ਮਾਨਵੀ ਸੁਤੰਤਰਤਾ ਨਿਜ (self) ਅਤੇ ਪਰ (other) ਨਾਲ ਇਕਸੁਰ ਹੋ ਕੇ ਜਿਉਣ ਦੀ ਸਥਿਤੀ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ।

ਬਾਣੀਕਾਰਾਂ ਨੇ ਆਪਣੇ ਜੀਵਨ ਦਰਸ਼ਨ ਅਨੁਸਾਰ ਮਾਨਵ-ਮੁਕਤੀ ਦਾ ਜੋ ਸੰਕਲਪ ਪੇਸ਼ ਕੀਤਾ ਹੈ ਉਸਦੀ ਬੁਨਿਆਦ ਮਨੁੱਖ ਦੀ ਜੀਵਾਤਮਕ / ਸੰਸਾਰਕ ਹੋਂਦ ਬਾਰੇ ਪਰਮਾਰਥਕ ਦ੍ਰਿਸ਼ਟੀ-ਬਿੰਦੂ ਉੱਤੇ ਰੱਖੀ ਗਈ ਹੈ। ਗੁਰੂ ਅਰਜਨ ਦੇਵ ਨੇ ਆਪਣੀ ਇਕ ਬਾਣੀ ਰਚਨਾ ਵਿਚ ਮਨੁੱਖ ਦੀ ਬੰਧਨ ਸਥਿਤੀ ਨੂੰ ਹਉਮੈ ਰੋਗ (ਆਤਮ-ਕੇਂਦ੍ਰਿਤ ਜੀਵਨ ਵਿਧੀ) ਦੇ ਹਵਾਲੇ ਨਾਲ ਪਰਿਭਾਸ਼ਿਤ ਕਰਦਿਆਂ ਸੰਸਾਰ ਦੇ ਸਮੂਹ ਪ੍ਰਾਣੀਆਂ ਨੂੰ ਕਿਸੇ ਨਾ ਕਿਸੇ ਪੱਖੋਂ ਇਸੇ ਕਿਸਮ ਦੇ ਬੰਧਨ ਜਾਂ ਰੋਗ ਦਾ ਸ਼ਿਕਾਰ ਦਰਸਾਇਆ ਗਿਆ ਹੈ। ਗੁਰੂ-ਕਵੀ ਨੇ ਇਥੇ ਰੋਗ ਨੂੰ ਇਕ ਰੂਪਕ (metaphor) ਦੇ ਤੌਰ ਤੇ ਵਰਤਿਆ ਹੈ ਜੋ ਅਰਥਾਂ ਦੇ ਉਤਪਾਦਨ ਦੀ ਇਕ ਪ੍ਰਭਾਵਸ਼ਾਲੀ ਜੁਗਤ ਬਣ ਜਾਂਦਾ ਹੈ :

ਹਉਮੈ ਰੋਗੁ ਮਾਨੁਖ ਕਉ ਦੀਨਾ ॥

ਕਾਮ ਰੋਗਿ ਮੈਗਲੁ ਬਸਿ ਲੀਨਾ ॥

ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥

ਨਾਦ ਰੋਗਿ ਖਪਿ ਗਏ ਕੁਰੰਗਾ ॥1॥

ਜੋ ਜੋ ਦੀਸੈ ਸੋ ਸੋ ਰੋਗੀ ॥

ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥1॥ ਰਹਾਉ ॥

ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥

ਬਾਸਨ ਰੋਗਿ ਭਵਰੁ ਬਿਨਸਾਨੋ ॥

ਹੇਤ ਰੋਗ ਕਾ ਸਗਲ ਸੰਸਾਰਾ ॥

ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥2॥

(ਗੁਰੂ ਗ੍ਰੰਥ ਸਾਹਿਬ, ਪੰਨਾ - 1140)

ਮੱਧਕਾਲੀਨ ਭਾਰਤ ਵਿਚ ਇਕ ਅਜਿਹੀ ਨਵ-ਜਾਗ੍ਰਿਤੀ ਦੀ ਲਹਿਰ ਦਾ ਉਦੈ ਹੁੰਦਾ ਹੈ ਜੋ ਭਿੰਨ ਭਿੰਨ ਧਰਮਾਂ ਅਤੇ ਸੰਪ੍ਰਦਾਵਾਂ ਵਿਚਕਾਰ ਸਮਨਵੈ ਅਤੇ ਸੁਮੇਲ ਸਥਾਪਿਤ ਕਰਨ ਦੇ ਨਾਲ ਨਾਲ ਦਮਨ ਅਤੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਦਾ ਪੱਖ ਪੂਰਦੀ ਹੈ। ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ, ਸੂਫ਼ੀਆਂ ਅਤੇ ਗੁਰੂ ਵਿਅਕਤੀਆਂ ਦਾ ਬਰਾਬਰ ਦਾ ਯੋਗਦਾਨ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਦੇ ਬਾਣੀਕਾਰਾਂ ਨੇ ਵਿਭਿੰਨ ਧਰਮਾਂ ਅਤੇ ਸੰਪ੍ਰਦਾਵਾਂ ਵਿਚ ਪ੍ਰਚੱਲਤ ਦੈਵੀ ਸੱਤਾ ਦੇ ਸੰਕਲਪਾਂ ਨੂੰ ਇਕੋ ਜਿਹਾ ਸਨਮਾਨ ਕਰਦਿਆਂ ਇਸੇ ਕਿਸਮ ਦੀ ਸਾਂਝ ਅਤੇ ਸੁਮੇਲ ਦੀ ਭਾਵਨਾ ਨੂੰ ਪ੍ਰਗਟਾਇਆ ਹੈ। ਉਦਾਹਰਣ ਵਜੋਂ ਗੁਰਬਾਣੀ ਦੀਆਂ ਇਹ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥

ਕੋਈ ਸੇਵੈ ਗੁਸਈਆ ਕੋਈ ਅਲਾਹਿ ॥1॥

ਕਾਰਣ ਕਰਣ ਕਰੀਮ ॥

ਕਿਰਪਾ ਧਾਰਿ ਰਹੀਮ ॥1॥ ਰਹਾਉ ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥2॥